Weekly

# CANADA SIKH TIMES

6 - 12 July 2024 | ਕੈਨੇਡਾ ਸਿੱਖ ਟਾਈਮਜ਼ | Volume 2 Issue 27

• RELIGION • CULTURE • HERITAGE • BUSINESS

## ਥਾਣੇਦਾਰ ਦੀ ਧੀ ਨੇ ਕੈਨੇਡਾ ਪੁਲਿਸ ’ਚ ਭਰਤੀ ਹੋ ਕੇ ਪਿਤਾ ਦਾ ਸਿਰ ਕੀਤਾ ਉੱਚਾ



ਥਾਣਾ ਸਮਰਾਲਾ ਵਿਚ ਤਾਇਨਾਤ ਸਹਾਇਕ ਥਾਣੇਦਾਰ ਦਵਿੰਦਰ ਸਿੰਘ ਗਰਚਾ ਦੀ ਧੀ ਸੰਦੀਪ ਕੌਰ ਨੇ ਕੈਨੇਡਾ ਪੁਲਿਸ ਵਿਚ ਭਰਤੀ ਹੋ ਕੇ ਪਿਤਾ, ਪੰਜਾਬ ਤੇ ਸਮੁੱਚੇ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ। ਸੰਦੀਪ ਕੌਰ ਨੇ ਦਸਿਆ ਕਿ ਉਸਨੇ ਆਪਣੇ ਪਿਤਾ ਦੀ ਦੇਸ਼ ਪ੍ਰਤੀ ਸੇਵਾ ਤੋਂ ਪ੍ਰਭਾਵਿਤ ਹੋ ਕੇ ਪੁਲਿਸ ਵਿਚ ਭਰਤੀ ਹੋਣ ਦਾ ਸੁਪਨਾ ਦੇਖਿਆ ਸੀ ਜੋ ਕਿ ਕੜੀ ਮਿਹਨਤ ਉਪਰੰਤ ਕੈਨੇਡਾ ਵਿਖੇ ਜਾ ਕੇ ਪੂਰਾ ਹੋਇਆ ਹੈ। ਪਿਤਾ ਨੇ ਦੱਸਿਆ ਕਿ ਸੰਦੀਪ ਕੌਰ ਨੇ ਬੀ.ਟੈੱਕ. ਦੀ ਪੜ੍ਹਾਈ ਕਰਨ ਤੋਂ ਬਾਅਦ ਕੈਨੇਡਾ ਜਾ ਕੇ ਪੜ੍ਹਨ ਦਾ ਫ਼ੈਸਲਾ ਕੀਤਾ। ਜਿਸ ਸਦਕਾ ਉਹ 2017 ’ਚ ਕੈਨੇਡਾ ਗਈ ਅਤੇ ਉੱਥੇ ਜਾ ਕੇ ਕੈਨੇਡਾ ਪੁਲਸ ’ਚ ਭਰਤੀ ਹੋਣ ਲਈ ਆਪਣੀ ਪੜ੍ਹਾਈ ਪੂਰੀ ਕੀਤੀ। ਇਸ ਮੌਕੇ ਮਾਤਾ ਪਰਮਜੀਤ ਕੌਰ ਨੇ ਕਿਹਾ ਕਿ ਜਿਹੜੇ ਮਾਂ-ਪਿਓ ਅੱਜ ਵੀ ਕੁੜੀਆਂ ਅਤੇ ਮੁੰਡਿਆਂ ’ਚ ਫ਼ਰਕ ਰੱਖਦੇ ਹਨ, ਉਨ੍ਹਾਂ ਲਈ ਮੇਰੀ ਧੀ ਇੱਕ ਮਿਸਾਲ ਹੈ। ਸਾਡੀ ਧੀ ਸੰਦੀਪ ਕੌਰ ਨੇ ਸਾਡੇ ਨਾਲ-ਨਾਲ ਸਾਰੇ ਦੇਸ਼ ਨੂੰ ਗੌਰਵਸ਼ਾਲੀ ਮਹਿਸੂਸ ਕਰਵਾਇਆ ਹੈ।

## Australia Foreign Student Visa Policy Changes: Fees doubled




Australia has significantly increased the visa fee for international students, more than doubling the cost from A$710 to A$1,600. This new fee structure, effective from July 1, aims to manage record migration numbers that have exacerbated housing market pressures. Furthermore, recent regulations prohibit visitor visa holders and students with temporary graduate visas from applying onshore for a student visa.

International education is a significant export industry for Australia, contributing A$36.4 billion to the economy during the 2022-2023 financial year. These policy changes may impact the sector's strength going forward.

## ਵਿਸ਼ਵ ਕਪ ’ਚ ਅਰਸ਼ਦੀਪ ਸਿੰਘ ਦਾ ਸਰਵਸ੍ਰੇਸ਼ਠ ਪ੍ਰਦਰਸ਼ਨ



25 ਵਰ੍ਹਿਆਂ ਦੇ ਖੱਬੇ ਹੱਥ ਦੇ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨੇ ਇਸ ਵਿਸ਼ਵ ਕਪ ’ਚ ਸਰਵਸ੍ਰੇਸ਼ਠ ਪ੍ਰਦਰਸ਼ਨ ਕਰਦਿਆਂ ਸਭ ਤੋਂ ਵਧ 17 ਵਿਕਟ ਹਾਸਲ ਕੀਤੇ। ਵਿਸ਼ਵ ਕੱਪ ’ਚ 8 ਮੈਚਾਂ ’ਚ 17 ਵਿਕਟਾਂ ਹਾਸਲ ਕਰਨ ਵਾਲੇ ਅਰਸ਼ਦੀਪ ਨੇ ਅਮਰੀਕਾ ਦੇ ਖਿਲਾਫ਼ ਨੌ ਰਨ ਦੇ ਕੇ ਚਾਰ ਵਿਕਟ ਲਏ ਜੋ ਕਿ ਉਹਨਾਂ ਦਾ ਪੂਰੇ ਟੂਰਨਾਮੈਂਟ ’ਚ ਸਰਵਸ੍ਰੇਸ਼ਟ ਪ੍ਰਦਰਸ਼ਨ ਹੈ। ਜ਼ਿਕਰਯੋਗ ਹੈ ਭਾਰਤ ਨੇ ਫਾਈਨਲ ’ਚ ਦੱਖਣ ਅਫਰੀਕਾ ਨੂੰ ਮਾਤ ਦੇਣ ਤੋਂ 17 ਸਾਲਾਂ ਬਾਅਦ ਟੀ-20 ਵਿਸ਼ਵ ਕੱਪ ਆਪਣੇ ਨਾਂ ਕੀਤਾ। ਇਸ ਮੈਚ ’ਚ ਬੱਲੇਬਾਜ਼ ਵਿਰਾਟ ਕੋਹਲੀ ਨੂੰ ‘ਮੈਨ ਆਫ਼ ਦੀ ਮੈਚ’ ਅਤੇ ਗੇਂਦਬਾਜ਼ ਜਸਪ੍ਰੀਤ ਬੁਮਰਾਹ ਨੂੰ ‘ਮੈਨ ਆਫ਼ ਦ ਟੂਰਨਾਮੈਂਟ’ ਚੁਣਿਆ ਗਿਆ ਹੈ।

## 100 ਮੀਟਰ ਦੌੜ ’ਚ ਗੁਰਿੰਦਰਵੀਰ ਸਿੰਘ ਨੇ ਹਾਸਲ ਕੀਤਾ ਗੋਲਡ ਮੈਡਲ



ਦੋ-ਦਿਨਾਂ 63ਵੀਂ ਅੰਤਰ-ਰਾਜੀ ਐਥਲੈਟਿਕਸ ਚੈਂਪੀਅਨਸ਼ਿਪ ਦੇ ਅੰਤਰਗਤ 100 ਮੀਟਰ ਦੌੜ ’ਚ ਪੰਜਾਬ ਦੇ 23 ਸਾਲਾ ਦੌੜਾਕ ਗੁਰਿੰਦਰਵੀਰ ਸਿੰਘ ਨੇ 10.32 ਸੈਂਕਡ ’ਚ ਆਪਣੀ ਦੌੜ ਪੂਰੀ ਕਰਦਿਆਂ ਗੋਲਡ ਮੈਡਲ ਆਪਣੇ ਨਾਂ ਕੀਤਾ। ਜਲੰਧਰ ’ਚ ਸਰਬਜੀਤ ਸਿੰਘ ਤੋਂ ਕੋਚਿੰਗ ਹਾਸਲ ਕਰਨ ਵਾਲੇ ਗੁਰਿੰਦਰਵੀਰ ਸਿੰਘ ਦਾ ਕਹਿਣਾ ਹੈ ਕਿ ਉਹਨਾਂ ਦਾ ਸਪਨਾ ਕੌਮਾਂਤਰੀ ਐਥਲੀਟ ਬਣਨ ਦਾ ਹੈ ਪਰ ਇਸ ਲਈ ਉਹਨਾਂ ਨੂੰ ਸਪਾਂਸਰਸ਼ਿਪ ਤੇ ਸਹਿਯੋਗ ਦੀ ਜ਼ਰੂਰਤ ਹੈ। ਪੈਸਿਆਂ ਦੀ ਤੰਗੀ ਕਾਰਨ ਉਹ ਸਿਰਫ ਭਾਰਤ ’ਚ ਹੋਣ ਵਾਲੇ ਟੂਰਨਾਮੈਂਟਸ ’ਚ ਹਿੱਸਾ ਲੈਣ ਲਈ ਮਜਬੂਰ ਹੈ। ਭਵਿੱਖ ’ਚ ਵਿਦੇਸੀ ਟੂਰਨਾਮੈਂਟਸ ’ਚ ਵੀ ਹਿੱਸਾ ਲੈਣਗੇ ਤੇ ਹੋਰ ਬਿਹਤਰ ਪ੍ਰਦਰਸ਼ਨ ਕਰਣਗੇ।

## DESH VIDESH

# ਸ. ਗੋਬਿੰਦ ਸਿੰਘ ਪਾਣੀ ਬਚਾਉਣ, ਰੁੱਖ ਲਗਾਉਣ ਅਤੇ ਵਾਤਾਵਰਨ ਸੰਭਾਲ ਲਈ ਕਰ ਰਹੇ ਪ੍ਰੇਰਿਤ




ਸਿੱਖਿਆ ਸ਼ਾਸਤਰੀ ਅਤੇ ਸਾਹਿਤਕਾਰ ਗੋਬਿੰਦ ਸਿੰਘ ਭਾਟੀਆ ਦਿਲੋਂ ਜਲ ਬਚਾਉਣ, ਰੁੱਖ ਲਗਾਉਣ ਅਤੇ ਵਾਤਾਵਰਨ ਸੰਭਾਲ ਲਈ ਆਮ ਜਨਤਾ ਨੂੰ ਜਾਗਰੂਕ ਕਰ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਪਾਣੀ ਨੂੰ ਫਾਲਤੂ ਨਾ ਬਹਾਓ, ਪਾਣੀ ਦੀ ਹਰ ਬੂੰਦ ਕੀਮਤੀ ਹੈ ਅਤੇ ਰੁੱਖ ਲਗਾਓ ਜੀਵਨ ਬਚਾਓ ਸੰਦੇਸ਼ ਦੇਣ ਵਾਲੇ ਬਹੁਤ ਸਾਰੇ ਸਟਿੱਕਰ ਬਣਵਾਏ ਹਨ। ਉਹ ਆਪਣੀ ਮੋਟਰ ਸਾਇਕਲ ਦੀ ਡਿੱਗੀ ਵਿੱਚ ਇਕ ਪਾਇਪ ਰੈਂਚ, ਕੁੱਝ ਟੂਟੀਆਂ, ਨਿੱਪਲ, ਧਾਗਾ, ਸਫ਼ੈਦਾ ਆਦਿ ਵੀ ਨਾਲ ਲੈ ਕੇ ਚਲਦੇ ਹਨ। ਜਿੱਥੇ ਬਿਨਾਂ ਟੂਟੀ ਦੇ ਪਾਣੀ ਦਾ ਪਾਇਪ ਜਾਂ ਲੀਕ ਕਰਦੀ ਟੂਟੀ ਨਜ਼ਰ ਆਵੇ, ਉਹ ਉੱਥੇ ਹੀ ਨਵੀਂ ਟੂਟੀ ਲਗਾ ਦਿੰਦੇ ਹਨ। ਇਨ੍ਹਾਂ ਨੇ ਆਮ ਜਨਤਾ ਨੂੰ ਜਾਗਰੂਕ ਕਰਨ ਲਈ ਫੋਟੋ ਸਮੇਤ ਪਾਣੀ ਬਚਾਉਣ ਅਤੇ ਦਰਖਤ ਲਗਾਉਣ ਦੇ ਸਲੋਗਨ ਲਿਖੀਆਂ ਆਪਣੇ ਲਈ ਕੁੱਝ ਟੀ ਸ਼ਰਟਾਂ ਵੀ ਬਣਵਾਈਆਂ ਹਨ ਜੋ ਇਹ ਡਿਊਟੀ ਸਮੇਂ ਅਕਸਰ ਪਹਿਣ ਕੇ ਰੱਖਦੇ ਹਨ। ਗੋਬਿੰਦ ਸਿੰਘ ਭਾਟੀਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਯਮੁਨਾਨਗਰ (ਹਰਿਆਣਾ) ਵਿਖੇ ਬਤੌਰ ਅੰਗਰੇਜ਼ੀ ਪ੍ਰਾਧਿਆਪਕ ਹਨ ਅਤੇ ਇਨ੍ਹਾਂ ਦੀ ਧਰਮ ਪਤਨੀ ਸਾਹਿਤਕਾਰ ਭੁਪਿੰਦਰ ਕੌਰ ਵੀ ਸਰਕਾਰੀ ਸਕੂਲ ਵਿੱਚ ਅਧਿਆਪਕਾ ਹੈ। ਇਸ ਤੋਂ ਇਲਾਵਾ ਗੋਬਿੰਦ ਸਿੰਘ ਸਕੂਲਾਂ, ਧਾਰਮਕ ਅਤੇ ਸਮਾਜਕ ਆਯੋਜਨਾਂ ਮੌਕੇ ਮੰਚ ਸੰਚਾਲਨ ਕਰਦੇ ਸਮੇਂ ਵੀ ਵਾਤਾਵਰਣ ਸੰਭਾਲ, ਪਾਣੀ ਬਚਾਉਣ ਅਤੇ ਰੁੱਖ ਲਗਾਉਣ ਬਾਰੇ ਸੁਨੇਹਾ ਦਿੰਦੇ ਰਹਿੰਦੇ ਹਨ। ਕਈ ਸਿੱਖਿਅਕ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਗੋਬਿੰਦ ਸਿੰਘ ਨੂੰ ਸਮਾਜ ਸੇਵੀ ਕੰਮਾਂ ਲਈ ਸਨਮਾਨਿਤ ਵੀ ਕਰ ਚੁੱਕੀਆਂ ਹਨ। ਹਰਿਆਣਾ ਪੰਜਾਬੀ ਸਾਹਿਤ ਅਕਾਡਮੀ ਤੋਂ ਦੋਵੇਂ ਪਤੀ- ਪਤਨੀ ਸਟੇਟ ਐਵਾਰਡ ਨਾਲ ਸਨਮਾਨਿਤ ਹੋ ਚੁੱਕੇ ਹਨ ਅਤੇ ਦੋਵਾਂ ਨੂੰ ਹੀ ਹਰਿਆਣਾ ਸਰਕਾਰ ਵੱਲੋਂ ਜੀਵਨ ਭਰ ਲਈ ਮੁਫ਼ਤ ਬੱਸ ਪਾਸ ਸੁਵਿਧਾ ਵੀ ਮਿਲੀ ਹੋਈ ਹੈ। ਸਾਡੀ ਸ਼ੁਭਕਾਮਨਾਵਾਂ ਅਤੇ ਅਰਦਾਸ ਕਿ ਇਹ ਆਪਣੇ ਸਮਾਜ ਸੇਵੀ ਮਿਸ਼ਨ ਵਿੱਚ ਸਫਲ ਹੋਣ। ⌘

# Book Review - 2

## Paath-Bhed Gaatha Sri Guru Granth Sahib

by Dr. Devinder Pal Singh*

Chapter 5, "Research Initiatives by the Shiromani Committee for Accurate Printing of the Sacred Text," details the research initiatives undertaken by the Shiromani Committee to ensure the accurate printing of the Guru Granth Sahib Ji and discusses the measures taken to preserve the text's sanctity and authenticity during printing. Chapter 6, "Textual Variations in Shabdarth of Sri Guru Granth Sahib Ji," explores the glossaries and interpretations of the Guru Granth Sahib Ji, addressing variations in text and meaning. It provides a scholarly analysis of different interpretations and their impact on scripture understanding.

Chapter 7, "Analysis of Gurbani Paath Darshan Book on Textual Variations," critically examines the textual variations discussed in the Gurbani Path Darshan Book and offers a detailed analysis of how these variations are perceived and addressed in the educational and scholarly context. Appendix 1: Interim Report of Sri Guru Granth Sahib Study Group (1996) includes an interim report from the 1996 study group on the Guru Granth Sahib Ji, summarizing their findings and recommendations. It provides a snapshot of the ongoing efforts to study and preserve the text.

This book aims to address the misconceptions and provide clarity on the textual integrity of Guru Granth Sahib Ji. The author, Gyani Jagtar Singh Ji, has dedicated decades to ensuring that a version of Guru Granth Sahib Ji, which is true to its original form and easily accessible to the public, is available. This effort aligns with the initial intent of the Gurus, who ensured that the language of the scriptures was understandable to the common people. Addressing these textual discrepancies is not just about maintaining accuracy but also about preserving the faith and understanding of the Sikh community.

"Paath-Bhed Gaatha Sri Guru Granth Sahib" by Giani Jagtar Singh Jachak is a meticulously researched work that addresses a crucial aspect of Sikh religious scholarship. By examining the textual variations in the Guru Granth Sahib Ji, the book highlights the challenges faced in preserving the text and offers solutions and insights for future generations. This book is an invaluable resource for anyone interested in studying Sikh scriptures and the efforts to maintain their textual integrity. The Sikh community is encouraged to embrace this book and the efforts to correct and preserve Guru Granth Sahib Ji's textual integrity. By doing so, we can ensure that Scripture remains a reliable and accurate source of spiritual guidance for future generations. ⌘⌘

# HERITAGE

## ਕੈਨੇਡਾ ਵਿਚ ਪਹਿਲੀ ਵਾਰ ਕਿਸੇ ਔਰਤ ਨੂੰ ਮਿਲਿਆ ਸਰਵਉੱਚ ਫੌਜੀ ਕਮਾਂਡਰ ਦਾ ਅਹੁਦਾ



ਕੈਨੇਡਾ ਨੇ ਪਹਿਲੀ ਵਾਰ ਕਿਸੇ ਔਰਤ ਨੂੰ ਦੇਸ਼ ਦਾ ਸਰਵਉੱਚ ਫੌਜੀ ਕਮਾਂਡਰ ਨਿਯੁਕਤ ਕੀਤਾ ਹੈ। ਘਰੇਲੂ ਫਰੰਟ 'ਤੇ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਪ੍ਰਧਾਨ ਮੰਤਰੀ ਨੇ ਲੈਫਟੀਨੈਂਟ-ਜਨਰਲ ਜੈਨੀ ਕੈਰੀਗਨਨ ਨੂੰ ਚੀਫ ਆਫ ਡਿਫੈਂਸ ਸਟਾਫ ਨਿਯੁਕਤ ਕੀਤਾ ਹੈ। ਜੈਨੀ 18 ਜੁਲਾਈ ਨੂੰ ਰੱਖਿਆ ਮੁਖੀ ਦਾ ਅਹੁਦਾ ਸੰਭਾਲੇਗੀ। ਕੈਨੇਡਾ ਦੇ ਇਤਿਹਾਸ 'ਚ ਇਹ ਪਹਿਲੀ ਵਾਰ ਹੈ ਕਿ ਫੌਜ 'ਚ ਇੰਨੇ ਵੱਡੇ ਅਹੁਦੇ 'ਤੇ ਕਿਸੇ ਔਰਤ ਨੂੰ ਮੌਕਾ ਦਿੱਤਾ ਗਿਆ ਹੈ। ਦੁਨੀਆ ਭਰ ਵਿੱਚ ਅਜਿਹੀਆਂ ਬਹੁਤ ਘੱਟ ਉਦਾਹਰਣਾਂ ਦੇਖਣ ਨੂੰ ਮਿਲਦੀਆਂ ਹਨ। ਲੈਫਟੀਨੈਂਟ-ਜਨਰਲ ਜੈਨੀ ਕੈਰੀਗਨਨ ਅਸਲ ਵਿੱਚ ਇੱਕ ਫੌਜੀ ਇੰਜੀਨੀਅਰ ਹੈ। 35 ਸਾਲਾਂ ਤੋਂ ਫੌਜ ਵਿਚ ਸੇਵਾ ਕਰ ਰਹੀ ਜੈਨੀ ਨੇ ਅਫਗਾਨਿਸਤਾਨ ਯੁੱਧ, ਬੋਸਨੀਆ-ਹਰਜ਼ੇਗੋਵਿਨਾ, ਇਰਾਕ ਅਤੇ ਸੀਰੀਆ ਵਿਚ ਫੌਜੀਆਂ ਦੀ ਅਗਵਾਈ ਕੀਤੀ ਹੈ। ਪ੍ਰਧਾਨ ਮੰਤਰੀ ਨੇ ਕਿਹਾ, ਜੈਨੀ ਨੇ ਹੁਣ ਤੱਕ ਬੇਮਿਸਾਲ ਲੀਡਰਸ਼ਿਪ ਦਿਖਾਈ ਹੈ। ਉਸ ਕੋਲ ਅਦਭੁਤ ਲੀਡਰਸ਼ਿਪ ਕਾਬਲੀਅਤ ਹੈ। ਫੌਜ ਅਤੇ ਸੇਵਾ ਪ੍ਰਤੀ ਸਮਰਪਣ ਹੀ ਉਸਦੀ ਪੂੰਜੀ ਰਹੀ ਹੈ। ਉਹ ਹਮੇਸ਼ਾ ਸਾਡੇ ਹਥਿਆਰਬੰਦ ਬਲਾਂ ਲਈ ਕਮਾਂਡਰ ਵਾਂਗ ਰਹੀ ਹੈ।

## Finding Jobs in Canada Getting Harder

### Youth Unemployment Rate Rises to Multi-year highs




Canada's economy unexpectedly lost a net 1,400 jobs in June, while the unemployment rate increased more than expected to a 29-month high of 6.4%, data showed on Friday. Analysts polled by Reuters had forecast a net gain of 22,500 jobs and the unemployment rate to rise to 6.3% from 6.2% in May. The statistics agency noted finding jobs was getting harder, citing signs including rising unemployment among youth and, more recently, core-aged men. The unemployment rate for youth rose 0.9 percentage points to 13.5%, which, outside of the pandemic, was the highest since September 2014. Employment in the goods sector increased by a net 12,600 jobs, mostly in agriculture, while the services sector lost a net 14,100 jobs, led by transportation and warehousing and Information, culture and recreation. Overall, there were 1.4 million unemployed people in June, up 3.1% from the previous month.

## Historic Increase in Representation

### Ten Sikhs win MP Elections in UK



As the Labour Party registered a landslide victory in the UK parliamentary election on Friday, as many as 10 members — the highest number so far — of the Sikh community were elected to the parliament. All the 10 newly-elected Sikh MPs, including five women and five men, belong to the Labour Party. These are their names- Tanmanjeet Singh Dhesi, Preet Kaur Gill, Kirith Ahluwali, Sonia Kumar, Harpreet Kaur Uppal, Satvir Kaur, Warinder Juss, Dr. Jeevun Sandher, Jas Athwal and Gurinder Singh Josan. After being in Opposition for more than a decade, Britain's Labour Party swept to power amid a stagnant economy and dispirited nation. So far, Labour won 410 seats in the 650-seat House of Commons and the Conservatives 118.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਇਹਨਾਂ ਵਿਚੋਂ ਕਿਹੜੀ ਇਕ ਘਟਨਾਂ ਨੇ ਸਿੰਘ ਸਭਾ ਲਹਿਰ ਨੂੰ ਜਨਮ ਦਿੱਤਾ ਸੀ?**

a. ਚਾਰ ਸਿੱਖ ਨੌਜੁਆਨਾ ਦਾ ਇਸਾਈ ਮਤ ਧਾਰਨ ਕਰਨਾ
b. ਗੁਰਦੁਆਰਿਆਂ ਵਿਚ ਮੂਰਤੀਆਂ ਸਥਾਪਿਤ ਕਰਨੀਆਂ
c. ਅੰਗ੍ਰੇਜ਼ ਸਰਕਾਰ ਵਲੋਂ ਗੁਰਦੁਆਰਿਆਂ ਦੇ ਸਰਬਰਾਹ ਨਿਯੁਕਤ ਕਰਨ
d. ਬਚਿੱਤਰ ਨਾਟਕ ਨੂੰ ਸਮਰਥਨ

**2. ਠੰਢੀ ਤਾਤੀ ਮਿਟੀ ਖਾਈ॥ ਓਹੁ ਨ ਬਾਲਾ ਬੂਢਾ ਭਾਈ ॥੧॥**
ਉਪਰੋਕਤ ਗੁਰਬਾਣੀ ਪੰਕਤੀ ਵਿਚ ਕਿਹੜਾ ਸ਼ਬਦ 'ਪਾਣੀ' ਦਾ ਸੰਕੇਤਕ ਹੈ।

a. ਤਾਤੀ    b. ਮਿਟੀ
c. ਬਾਲਾ    d. ਠੰਡੀ

**3. ਗੁਰਮੁੱਖੀ ਲਿਪੀ ਵਿਚ ਟਿੱਪੀ, ਬਿੰਦੀ ਅਤੇ ਅੱਧਕ ਨੂੰ ਕੀ ਆਖਿਆ ਜਾਂਦਾ ਹੈ?**

a. ਲਗਾਖਰ    b. ਦੁੱਤ ਅੱਖਰ
c. ਸ੍ਵਰ ਅੱਖਰ    d. ਵਿਅੰਜਨ

(ਦੇਖੋ ਉੱਤਰ ਪੰਨਾ 4 'ਤੇ)

## CAREER COUNSELLING

# Mind Set To Solve Problems



Narinder Pal Singh

### Problem-Solving
#### A Crucial Skill for Growth and Development

Problem-solving is the ability to identify and define problems, analyze possible solutions, and implement the sustainable solution. It is a crucial skill for personal and professional growth and development.

A problem-solving mindset determines your career trajectory and accomplishment of your business objectives. There is a step wise process to solve the problem –

Step 1: Define the Problem. What is the problem? ...
Step 2: Clarify the Problem. ...
Step 3: Define the Goals. ...
Step 4: Identify Root Cause of the Problem. ...
Step 5: Develop Action Plan. ...
Step 6: Execute Action Plan. ...
Step 7: Evaluate the Results. ...
Step 8: Continuously Improve.

* **Identifies Opportunities:** A problem-solver sees problems as opportunities to learn and grow. They are constantly looking for ways to improve the status quo. This makes them valuable assets to their employers.
* **Provides Solutions:** A problem-solver doesn't just identify problems, they also provide solutions. They are able to think creatively and come up with innovative solutions to complex problems. This makes them indispensable to their teams.
* **Adapt Changes:** The world is constantly changing, and so are the problems we face. A problem-solver is able to adapt to change and learn new skills to solve new problems. This makes them more resilient and adaptable to the ever-changing business landscape.

INTELLECTUALS SOLVE PROBLEMS.
GENIUSES PREVENT THEM.

## ਮਿੱਟੀ ਦੀ ਪੁਕਾਰ

ਗੁਰਕੀਰਤ ਸਿੰਘ ਭੁੱਲਰ



ਹੋਂਦ ਮਿੱਟੀ ਦੀ ਤੇਰੀ,
ਅੰਤ ਮਿੱਟੀ ਵਿਚ ਤੇਰਾ।
ਚਾਰ ਦਿਨਾਂ ਦਾ ਮੇਲਾ,
ਨਾ ਕਰ ਮੇਰਾ ਮੇਰਾ।

ਬਚਪਨ ਵਿਚ ਤੇਰੀ ਬਣਦੀ ਸਾਥਣ
ਕਦੇ ਦੁੱਖ ਨ ਜਿੰਨੇ ਵਿਖਾਏ
ਘਰ ਦੇ ਭਾਂਡੇ ਨਾਲ ਬਣਾਕੇ,
ਕਲਾ ਦੇ ਹੁਨਰ ਸਿਖਾਏ।

ਵੱਡੇ ਮਹਿਲ ਮੁਨਾਰੇ ਛੱਤ ਕੇ
ਕੀਤੀ ਹੋਂਦ ਅਧੂਰੀ
ਅੱਜ ਪਵੇ ਜੇ ਤਿਣਕਾ ਉਸਦਾ,
ਪੈਂਦੀ ਮੱਥੇ ਵੱਟ ਘੂਰੀ।

ਕਰ ਕਰ ਮੰਦੇ ਧੰਦੇ ਉਤੇ
ਇਖਲਾਕੀ ਤੂੰ ਝਲਕ ਗਵਾਈ
ਚੀਕਾਂ ਮਾਰੇ ਤੈਨੂੰ ਪੁਕਾਰੇ,
ਪੈਰਾਂ ਹੇਠਾਂ ਜੋ ਦਬਾਈ।

'ਕੀਰਤ' ਲਿਖ-ਲਿਖ ਦਰਦੀ ਵਰਕੇ
ਹਮਦਰਦੀ ਪਈ ਜੋ ਵੰਡਦੀ
ਕਿਉਂ ਛੱਡ ਦਿੱਤਾ ਅੱਜ ਰੁਲਦੀ,
ਸਾਥੋਂ ਰਹੇ ਜਵਾਬ ਜੋ ਮੰਗਦੀ।


## SIKH MATRIMONIALS

Gursikh Boy 34/5'10"/BTech CS/ Masters CSWorking as Software Engineer in USA/2 Lac US Dollars/ Father Retired Bank Manager Contact +91 85880 65367

Gursikh Boy 33/5'10"/MBA/Business / Earning 6 Figures/ Moving to Canada as PR holder/Contact +91 8076484616

Gursikh Amritdhari girl 30/5'3" /Masters USA/ Software Developer/San Francisco/Package USD 125000/ Contact +91 7428742265


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. A 2. D 3. A

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555